# **ਨਮੂਨਾ,** ਇਹ ਪੰਨਾ ਸਿਰਫ਼ ਸੰਦਰਭ ਲੈਣ ਲਈ ਹੈ

Employment Development Department
State of California

**EDD ਟੈਲੀਫੋਨ ਨੰਬਰ**:

| | |
|---|---|
| ਅੰਗਰੇਜ਼ੀ | 1-800-300-5616 |
| ਸਪੈਨਿਸ਼ | 1-800-326-8937 |
| ਕੈਂਟੋਨੀਜ਼ | 1-800-547-3506 |
| ਮੈਂਡਾਰਿਨ | 1-866-303-0706 |
| ਵੀਅਤਨਾਮੀ | 1-800-547-2058 |
| TTY (ਬਿਨਾਂ ਵੌਇਸ ਵਾਲਾ) | 1-800-815-9387 |

EDD ਦੀ ਇੰਟਰਨੈਟ ਸਾਈਟ: **www.edd.ca.gov**

**EMPLOYMENT DEVELOPMENT DEPARTMENT (EDD)**

**UI Center – Oakland #853**
**P.O. Box 12906**
**Oakland, CA 94604-2906**

## ਸੰਘੀ ਆਪਦਾ ਬੇਰੁਜ਼ਗਾਰੀ ਸਹਾਇਤਾ (DUA) ਲਈ ਨੋਟਿਸ

**FEMA: _____**

**ਸਮਾਜਕ ਸੁਰੱਖਿਆ ਨੰਬਰ: _____**
**ਡਾਕ ਰਾਹੀ ਭੇਜਣ ਦੀ ਤਾਰੀਖ਼: _____**
**ਅਧਿਕਤਮ ਫਾਇਦਾ ਰਾਸ਼ੀ: _____**

**ਦਾਅਵਾ ਪ੍ਰਭਾਵੀ ਹੋਣ ਦੀ ਤਾਰੀਖ਼: _____**
**ਹਫ਼ਤੇਵਾਰ ਫਾਇਦਾ ਰਾਸ਼ੀ: _____**

### ਤਿਮਾਹੀ ਕੈਲੰਡਰ ਦੀ ਸਮਾਪਤੀ 'ਤੇ ਕੁੱਲ ਕਮਾਈਆਂ/ਤਨਖ਼ਾਹ

| ਤਿਮਾਹੀ/ਸਾਲ | | | | | ਰੁਜ਼ਗਾਰਦਾਤਾ ਦਾ ਨਾਮ |
|---|---|---|---|---|---|
| ਕੁੱਲ ਤਨਖ਼ਾਹ: | | | | | |

**ਮਹੱਤਵਪੂਰਨ: EDD ਨੇ ਤੁਹਾਡਾ DUA ਦਾਅਵਾ ਦਾਇਰ ਕਰ ਦਿੱਤਾ ਹੈ। DUA ਫਾਇਦੇ ਸਿਰਫ਼ ਤਾਂ ਹੀ ਭੁਗਤਾਨਯੋਗ ਹਨ ਜੇਕਰ ਤੁਸੀਂ ਸਾਰੀਆਂ ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹੋ। ਤੁਹਾਡੇ ਕੋਲ EDD ਨੂੰ ਸਬੂਤ ਭੇਜਣ ਲਈ 21-ਦਿਨ ਦਾ ਸਮਾਂ ਹੁੰਦਾ ਹੈ ਕਿ ਤੁਸੀਂ ਆਪਦਾ ਤੋਂ ਪਹਿਲਾਂ ਰੁਜ਼ਗਾਰ ਕਰਦੇ ਸੀ ਜਾਂ ਸਵੈ-ਰੁਜ਼ਗਾਰ ਕਰਦੇ ਸੀ। ਸਬੂਤ ਪ੍ਰਦਾਨ ਕਰਨ ਵਿੱਚ ਅਸਫਲਤਾ DUA ਫਾਇਦੀਆਂ ਲਈ ਤੁਹਾਡੀ ਯੋਗਤਾ ਨੂੰ ਪ੍ਰਭਾਵਤ ਕਰੇਗੀ। (ਜੇਕਰ ਇਹ ਇੱਕ ਸੋਧਿਆ ਹੋਇਆ ਨੋਟਿਸ ਹੈ, ਅਤੇ ਤੁਸੀਂ ਪਹਿਲਾਂ ਸਬੂਤ ਪ੍ਰਦਾਨ ਕਰ ਚੁੱਕੇ ਹੋ, ਤਾਂ ਤੁਹਾਨੂੰ ਇਸਨੂੰ ਦੁਬਾਰਾ ਪ੍ਰਦਾਨ ਕਰਨ ਦੀ ਲੋੜ ਨਹੀਂ ਹੈ।)**

**ਇਸ ਨੋਟਿਸ 'ਤੇ ਹੇਠ ਲਿਖੀ ਜਾਣਕਾਰੀ ਦਿੱਤੀ ਗਈ ਹੈ:**

***ਵੱਧ ਤੋਂ ਵੱਧ ਫਾਇਦੇ ਦੀ ਰਕਮ:*** **ਜੇਕਰ ਤੁਸੀਂ ਸਾਰੀਆਂ DUA ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹੋ, ਤਾਂ ਤੁਸੀਂ ਇਸ ਦਾਅਵੇ 'ਤੇ ਸੰਭਾਵੀ ਤੌਰ 'ਤੇ ਕੁੱਲ ਰਕਮ ਪ੍ਰਾਪਤ ਕਰ ਸਕਦੇ ਹੋ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਤੁਸੀਂ ਆਪਦਾ ਦੇ ਸਿੱਧੇ ਨਤੀਜੇ ਵਜੋਂ ਬੇਰੁਜ਼ਗਾਰ ਰਹਿੰਦੇ ਹੋ। ਇਹ ਰਕਮ ਅਮਰੀਕੀ ਕਿਰੱਤ ਵਿਭਾਗ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ।**

***ਹਫ਼ਤਾਵਾਰੀ ਫਾਇਦੇ ਦੀ ਰਕਮ:*** **ਜੇਕਰ ਤੁਸੀਂ ਫਾਇਦੀਆਂ ਲਈ ਪ੍ਰਮਾਣਿਤ ਕਰਦੇ ਹੋ ਅਤੇ ਸਾਰੀਆਂ ਹਫ਼ਤਾਵਾਰੀ DUA ਯੋਗਤਾ ਲੋੜਾਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਨੂੰ ਸੰਭਾਵੀ ਤੌਰ 'ਤੇ ਹਰ ਹਫ਼ਤੇ ਅਧਿਕਤਮ ਰਕਮ ਪ੍ਰਦਾਨ ਕੀਤੀ ਜਾ ਸਕਦੀ ਹੈ। ਸਾਰੇ DUA ਦਾਅਵਿਆਂ ਦੀ ਹਫ਼ਤਾਵਾਰੀ ਫਾਇਦੇ ਦੀ ਰਕਮ ਅਮਰੀਕੀ ਕਿਰੱਤ ਵਿਭਾਗ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਕਾਨੂੰਨ ਦੇ ਤਹਿਤ, ਇਹ ਰਕਮ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਤਨਖ਼ਾਹ ਜਾਂ ਕਮਾਈ ਦੇ ਸਬੂਤ ਦੇ ਆਧਾਰ 'ਤੇ ਸਮਾਯੋਜਿਤ ਕੀਤੀ ਜਾ ਸਕਦੀ ਹੈ।**

***ਕੁੱਲ ਕਮਾਈਆਂ ਤਨਖ਼ਾਹ:*** **ਸੂਚੀਬੱਧ ਕੈਲੰਡਰ ਤਿਮਾਹੀ ਦੌਰਾਨ ਰੁਜ਼ਗਾਰਦਾਤਾ(ਵਾਂ) ਦੁਆਰਾ ਰਿਪੋਰਟ ਕੀਤੀ ਗਈ ਕਮਾਈਆਂ ਦੀ ਕੁੱਲ ਰਕਮ। ਇਹਨਾਂ ਕਮਾਈਆਂ ਦੀ ਵਰਤੋਂ ਤੁਹਾਡੀ ਵੱਧ ਤੋਂ ਵੱਧ ਫਾਇਦੇ ਦੀ ਰਕਮ ਦੀ ਗਣਨਾ ਕਰਨ ਲਈ ਕੀਤੀ ਜਾਂਦੀ ਹੈ। ਹੋ ਸਕਦਾ ਹੈ ਕਿ ਇਹ ਨੋਟਿਸ ਉੱਪਰ ਸੂਚੀਬੱਧ ਕੈਲੰਡਰ ਤਿਮਾਹੀ ਲਈ ਕਮਾਈ ਗਈ ਤਨਖ਼ਾਹ ਨੂੰ ਨਾ ਦਰਸਾਏ। ਜੇਕਰ ਤੁਹਾਡੇ ਦਾਅਵੇ ਵਿੱਚ ਤਨਖ਼ਾਹ ਜੋੜੀ ਜਾਂਦੀ ਹੈ, ਤਾਂ ਤੁਹਾਨੂੰ ਇੱਕ ਸੋਧਿਆ ਹੋਇਆ ਨੋਟਿਸ ਭੇਜਿਆ ਜਾਵੇਗਾ। (ਪਿਛਲੇ ਪੂਰੇ ਕੀਤੇ ਗਏ ਟੈਕਸ ਸਾਲ ਵਿੱਚ ਤੁਹਾਡੇ ਦੁਆਰਾ ਅਰਜਿਤ ਕਮਾਈ ਜਾਂ ਤੁਹਾਨੂੰ ਅਦਾ ਕੀਤੀ ਗਈ ਤਨਖ਼ਾਹ ਤੁਹਾਡੇ ਦਾਅਵੇ ਨੂੰ ਸੁਥਾਪਤ ਕਰਨ ਲਈ ਵਰਤੀ ਜਾਂਦੀ ਹੈ। ਤਨਖ਼ਾਹ ਦਾ ਅਰਥ ਹੈ ਕਿਸੇ ਹੋਰ ਲਈ ਕੀਤੀਆਂ ਸੇਵਾਵਾਂ ਲਈ ਮਿਹਨਤਾਨਾ, ਜਾਂ ਸਵੈ-ਰੁਜ਼ਗਾਰ ਵਿੱਚ ਕੀਤੀਆਂ ਸੇਵਾਵਾਂ ਤੋਂ ਸ਼ੁੱਧ ਆਮਦਨ, ਜਿਸ ਵਿੱਚ ਤਨਖ਼ਾਹ ਅਤੇ ਸਵੈ-ਰੁਜ਼ਗਾਰ ਸ਼ਾਮਲ ਹਨ ਜੋ ਨਿਯਮਤ ਬੇਰੁਜ਼ਗਾਰੀ ਬੀਮੇ ਦੇ ਦਾਅਵਿਆਂ ਲਈ ਕਵਰ ਨਹੀਂ ਕੀਤੇ ਜਾਂਦੇ ਹਨ।)**

***ਵਾਧੂ ਜਾਣਕਾਰੀ:***

- **ਜੇਕਰ ਇਸ ਨੋਟਿਸ 'ਤੇ ਕੋਈ ਵੀ ਜਾਣਕਾਰੀ ਗਲਤ ਜਾਂ ਗਾਇਬ ਹੈ ਤਾਂ ਤੁਹਾਡਾ EDD ਨਾਲ ਸੰਪਰਕ ਕਰਨਾ ਲਾਜ਼ਮੀ ਹੈ।**
- **ਹਫਤਾਵਾਰੀ ਫਾਇਦੇ ਦੀ ਜ਼ਿਆਦਾ ਰਕਮ ਤੇ ਵਿਚਾਰ ਕੀਤੇ ਜਾਣ ਲਈ, ਤੁਹਾਨੂੰ ਕਮਾਈ ਦਾ ਸਬੂਤ _____ ਤਕ ਉੱਪਰ ਸੂਚੀਬੱਧ EDD ਪਤੇ 'ਤੇ ਡਾਕ ਰਾਹੀਂ ਭੇਜਣਾ ਲਾਜ਼ਮੀ ਹੈ। ਤਨਖ਼ਾਹ ਜਾਂ ਸਵੈ-ਰੁਜ਼ਗਾਰ ਦੀਆਂ ਕਮਾਈਆਂ ਦੇ ਸਬੂਤ ਵਿੱਚ ਚੈੱਕ ਸਟੱਬ, ਪੇਰੋਲ ਵਾਊਚਰ,** W-2, **ਟੈਕਸ ਫਾਰਮ, ਜਾਂ ਕੋਈ ਹੋਰ ਦਸਤਾਵੇਜ਼ ਸ਼ਾਮਲ ਹੁੰਦੇ ਹਨ ਜੋ ਇਹ ਦਰਸਾਉਂਦੇ ਹਨ ਕਿ ਤੁਸੀਂ ਕਿੱਥੇ ਕੰਮ ਕੀਤਾ ਹੈ ਅਤੇ ਤੁਹਾਨੂੰ ਪ੍ਰਾਪਤ ਹੋਈ ਰਕਮ ਜਾਂ ਸਵੈ-ਰੁਜ਼ਗਾਰ ਤੋਂ ਤੁਹਾਡੀ ਕੁੱਲ ਕਮਾਈ ਕਿੰਨੀ ਹੈ। ਜਾਣਕਾਰੀ 'ਤੇ ਫੌਰੀ ਕਾਰਵਾਈ ਨੂੰ ਯਕੀਨੀ ਬਣਾਉਣ ਲਈ ਤੁਹਾਡੇ ਦੁਆਰਾ EDD ਨੂੰ ਪ੍ਰਦਾਨ ਕੀਤੇ ਗਏ ਕਿਸੇ ਵੀ ਲਿਖਤੀ ਦਸਤਾਵੇਜ਼ 'ਤੇ ਆਪਣਾ ਸਮਾਜਿਕ ਸੁਰੱਖਿਆ ਨੰਬਰ, ਨਾਮ ਅਤੇ ਪਤਾ ਸ਼ਾਮਲ ਕਰੋ।**
- **ਤੁਹਾਡੇ ਵੱਲੋਂ EDD ਨੂੰ ਪ੍ਰਦਾਨ ਕੀਤੇ ਕਿਸੇ ਵੀ ਕਮਾਈ ਦੇ ਦਸਤਾਵੇਜ਼ਾਂ 'ਤੇ ਵਿਚਾਰ ਕੀਤੇ ਜਾਣ ਤੱਕ ਤੁਹਾਨੂੰ ਕਿਸੇ ਵੀ ਹਫ਼ਤੇ(ਤਿਆਂ) ਲਈ ਜਿੰਨਾਂ ਲਈ ਤੁਸੀਂ DUA ਫਾਇਦੇ ਪ੍ਰਾਪਤ ਕਰਨਾ ਚਾਹੁੰਦੇ ਹੋ (ਜਿੰਨਾ ਚਿਰ ਤੁਸੀਂ ਆਪਦਾ ਦੇ ਕਾਰਨ ਬੇਰੁਜ਼ਗਾਰ ਹੋ) ਲਈ ਪ੍ਰਮਾਣਿਤ ਕਰਦੇ ਰਹਿਣਾ ਲਾਜ਼ਮੀ ਹੈ।**

**ਗੁਪਤਤਾ ਨੋਟਿਸ**: ਇਹ ਨੋਟਿਸ ਸਿਰਫ਼ ਇੱਛਤ ਪ੍ਰਾਪਤਕਰਤਾਵਾਂ ਦੀ ਵਰਤੋਂ ਲਈ ਹੈ। ਇਸ ਵਿੱਚ ਗੁਪਤ ਜਾਂ ਸੰਵੇਦਨਸ਼ੀਲ ਜਾਣਕਾਰੀ ਸ਼ਾਮਲ ਹੈ। ਪੀਨਲ ਕੋਡ 502 ਅਤੇ ਸਿਵਲ ਕੋਡ 1798.53 ਦੇ ਤਹਿਤ, ਇਸ ਦਸਤਾਵੇਜ਼ ਦੀ ਸਮੱਗਰੀ ਦੀ ਕਿਸੇ ਵੀ ਅਣਅਧਿਕਾਰਤ ਸਮੀਖਿਆ, ਵਰਤੋਂ, ਖੁਲਾਸੇ ਜਾਂ ਵੰਡ ਦੀ ਮਨਾਹੀ ਹੈ ਅਤੇ ਅਪਰਾਧਿਕ ਦੰਡ/ਜੁਰਮਾਨੇ ਦੇ ਅਧੀਨ ਹੈ। ਜੇਕਰ ਤੁਸੀਂ ਇੱਛਤ ਪ੍ਰਾਪਤਕਰਤਾ ਨਹੀਂ ਹੋ, ਤਾਂ ਕਿਰਪਾ ਕਰਕੇ EDD ਨਾਲ ਸੰਪਰਕ ਕਰੋ।